**ਡਾਇਰੈਕਟੋਰੇਟ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ, ਚੰਡੀਗੜ੍ਹ।**

**ਦਫਤਰੀ ਹੁਕਮ**

ਨੰ: 4ਐਮਈ 2-ਪੇ:-16/ 1734 ਮਿਤੀ, ਚੰਡੀਗੜ੍ਹ:- 3-2-2016

ਇਸ ਦਫਤਰੀ ਹੁਕਮ ਰਾਹੀਂ ਵਿਭਾਗ ਦੀ ਪੈਰਾ ਮੈਡੀਕਲ ਸਟਾਫ ਦੀਆਂ ਅਸਾਮੀਆਂ ਦੇ ਡਰਾਫਟ ਰੂਲਾਂ ਵਿਚ ਦਰਜ ਉਪਬੰਧਾ ਦੇ ਤਹਿਤ ਸ੍ਰੀਮਤੀ ਅਜੀਤ ਕੌਰ, ਮੈਡੀਕਲ ਲਬਾਟਰੀ ਟੈਕਨੀਸ਼ੀਅਨ ਗ੍ਰੇਡ-1, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਦੀ ਤਰੱਕੀ ਤਨਖਾਹ ਸਕੇਲ ਰੁਪਏ 10300 - 34800 ਜਮਾ ਗਰੇਡ ਪੇ 4800 ਰੁਪਏ ਵਿਚ ਆਰਜੀ ਤੌਰ ਤੇ ਬਤੌਰ ਸੀਨੀਅਰ ਮੈਡੀਕਲ ਲਬਾਟਰੀ ਟੈਕਨੀਸ਼ੀਅਨ ਕੀਤੀ ਜਾਂਦੀ ਹੈ ਅਤੇ ਇਸ ਕਰਮਚਾਰਨ ਦੀ ਤਰੱਕੀ ਉਪਰੰਤ ਤੈਨਾਤੀ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਵਿਖੇ ਕੀਤੀ ਜਾਂਦੀ ਹੈ।

ਇਹ ਪੱਦ-ਉਨਤੀਆਂ ਹੇਠ ਦਰਸਾਈਆਂ ਗਈਆਂ ਸ਼ਰਤਾਂ ਤੇ ਕੀਤੀ ਜਾਂਦੀ ਹੈ:-

1. ਕਰਮਚਾਰੀ ਨੂੰ ਇਕ ਸਾਲ ਦੇ ਸਮੇਂ ਲਈ ਪਰਖ ਕਾਲ ਸਮੇਂ ਉਤੇ ਰਖਿਆ ਜਾਂਦਾ ਹੈ ।
2. ਇਹ ਤੱਰਕੀ ਬਿਲਕੁਲ ਆਰਜੀ ਤੌਰ ਤੇ ਕੀਤੀ ਜਾਂਦੀਆਂ ਹਨ, ਇਹ ਪੱਦ ਉਨਤੀਆਂ ਪ੍ਰਬੰਧਕੀ ਜਰੂਰਤਾਂ ਦੇ ਆਧਾਰ ਤੇ ਮੁੜ ਵਿਚਾਰਿਆ ਜਾ ਸਕਦੀਆਂ ਹਨ।
3. ਇਹ ਹੁਕਮ 85 ਵੀਂ ਸਵਿਧਾਨਿਕ ਸੋਧ ਨੂੰ ਲਾਗੂ ਕਰਨ ਬਾਰੇ ਸਰਕਾਰ ਵਲੋਂ ਲਏ ਗਏ ਫੈਸਲੇ ਤੇ ਅਧਾਰਤ ਹੋਣਗੇ।
4. ਇਹ ਹੁਕਮ ਵਖ-2 ਅਦਾਲਤਾਂ ਵਿਚ ਚਲ ਰਹੇ ਕੋਰਟ ਕੇਸਾਂ ਵਿਚ ਹੋਣ ਵਾਲੇ ਫੈਸਲਿਆਂ ਜਾ ਰਿਕਾਰਡ ਦੇ ਆਧਾਰ ਤੇ ਜਾਂ ਸੀਨੀਆਰਤਾ ਬਾਰੇ ਜਾਂ ਕੋਈ ਹੋਰ ਨਵੇਂ ਤਥ/ ਰਿਕਾਰਡ ਕਿਸੇ ਕਰਮਚਾਰੀ ਬਾਰੇ ਧਿਆਨ ਵਿਚ ਆਉਂਦੇ ਹਨ ਜਾਂ ਲਿਆਂਦੇ ਜਾਂਦੇ ਹਨ ਤਾਂ ਉਸਦੀ ਕੀਤੀ ਗਈ ਪੱਦ ਉਨਤੀ ਬਾਰੇ ਮੁੜ ਵਿਚਾਰ ਕੀਤਾ ਜਾਵੇਗਾ।
5. ਕਰਮਚਾਰੀ ਨੂੰ ਇਹਨਾਂ ਹੁਕਮਾਂ ਦੀ ਪਾਲਣਾਂ ਵਿਚ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਲਈ ਤੁਰੰਤ ਰਲੀਵ ਕਰ ਦਿਤਾ ਜਾਵੇ ਅਤੇ ਕਰਮਚਾਰੀਆਂ ਨੂੰ ਇਹ ਹੁਕਮ ਜਾਰੀ ਹੋਣ ਦੇ 15 ਦਿਨਾਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣਾ ਪਵੇਗਾ ਜੇਕਰ ਕੋਈ ਕਰਮਚਾਰੀ ਮਿਥੇ ਸਮੇਂ ਦੇ ਅੰਦਰ ਅੰਦਰ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਨਹੀਂ ਹੁੰਦਾ ਤਾਂ ਕਰਮਚਾਰੀ ਨੂੰ ਭਵਿਖ ਵਿਚ ਇਸ ਤਰਕੀ ਤੇ ਵਿਚਾਰਨ ਹਿਤ 2 ਸਾਲ ਦੇ ਸਮੇਂ ਲਈ ਡੀਬਾਰ ਕੀਤਾ ਜਾਵੇਗਾ।
6. ਜੇਕਰ ਉਪਰੋਕਤ ਕਰਮਚਾਰੀ ਦੀ ਤਰੱਕੀ ਨਾ ਹੁੰਦੀ ਤਾਂ ਇਸ ਕਰਮਚਾਰੀ ਨੇ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਅਸਾਮੀ ਤੇ ਹੀ ਕੰਮ ਕਰਦੇ ਰਹਿਣਾ ਸੀ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰ:ਨੰ:4ਐਮ.ਈ.2-ਪੇ-14/ 1735-36 ਮਿਤੀ ਚੰਡੀਗੜ੍ਹ:- 3-2-2016

ਉਤਾਰਾ ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਨੂੰ ਸੂਚਨਾ ਅਤੇ ਅਗਲੀ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ, ਕਰਮਚਾਰੀ ਦੇ ਤੱਰਕੀ ਉਪਰੰਤ ਨਵੀਂ ਤੈਨਾਤੀ ਦੀ ਥਾਂ ਤੇ ਹਾਜਰ ਹੋਣ ਸੰਬਧੀ ਰਵਾਨਗੀ/ ਹਾਜਰੀ ਰਿਪੋਟ ਇਸ ਦਫਤਰ ਨੂੰ ਭੇਜੀ ਜਾਵੇ ਅਤੇ ਜੇਕਰ ਕਰਮਚਾਰੀ/ ਕਰਮਚਾਰਣ ਮਿੱਥੇ ਸਮੇਂ ਦੇ ਅੰਦਰ-2 ਹਾਜਰ ਨਹੀਂ ਹੁੰਦਾ ਤਾਂ ਇਹ ਰਿਪੋਰਟ ਇਸ ਦਫਤਰ ਨੂੰ ਤੁਰੰਤ ਭੇਜੀ ਜਾਵੇ।

2. ਸੰਬਧਤ ਕਰਮਚਾਰੀ ਨੂੰ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।

ਪਿੱਠ ਅੰ:ਨੰ:4ਐਮ.ਈ.2-ਪੇ-14/ 1737 ਮਿਤੀ ਚੰਡੀਗੜ੍ਹ:- 3-2-2016

ਉਤਾਰਾ ਪ੍ਰਮੁਖ ਸਕੱਤਰ ਪੰਜਾਬ ਸਰਕਾਰ, ਮੈਡੀਕਲ ਸਿਖਿਆ ਅਤੇ ਖੋਜ ਵਿਭਾਗ (ਸਿਹਤ-3 ਸਾਖਾ), ਚੰਡੀਗੜ੍ਹ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ।

ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ।